# ਗੁਰੂ ਨਾਨਕ ਪਬਲਿਕ ਸਕੂਲ

## ਜਗਾਤਖਾਨਾ, ਨਾਲਾਗੜ੍ਹ
## (ਹਿਮਾਚਲ ਪ੍ਰਦੇਸ਼)

## Divinity




**2024-25**

# ਗਤੀਵਿਧੀਆਂ

ਜਪੁਜੀ ਸਾਹਿਬ ਸ਼ੁਧ ਉਚਾਰਨ ਅਤੇ ਗੁਰਬਾਣੀ ਕੰਠ ਮੁਕਾਬਲੇ।

ਅੰਮ੍ਰਿਤ ਸੰਚਾਰ।

ਸਲਾਨਾ ਪ੍ਰੀਖਿਆਵਾਂ ।

ਐਸ. ਜੀ. ਪੀ. ਸੀ ਧਾਰਮਿਕ ਪ੍ਰੀਖਿਆਵਾਂ।

ਸਲਾਨਾ ਗੁਰਮਤਿ ਮੁਕਾਬਲੇ ਸਤਿਨਾਮ ਸਰਬ ਕਲਿਆਣ ਟਰੱਸਟ ਵੱਲੋਂ।

ਗੁਰਮਤਿ ਸਮਾਗਮ।

ਧਾਰਮਿਕ ਫਿਲਮਾਂ।

ਸਹਿਜ ਪਾਠ ਅਰੰਭ ਤੇ ਸੰਪੂਰਨ।

ਕੇਸ ਰਖਵਾਏ।

ਲੈਕਚਰ।

ਹਫਤਾਵਾਰੀ ਸਲਾਨਾ ਗੁਰਮਤਿ ਸਮਾਗਮ ਮਾਰਚ(03.03.2024 ਤੋਂ 10.03.2024)।

ਧਾਰਮਿਕ ਪ੍ਰੀਖਿਆਵਾਂ ਦਾ ਨਤੀਜਾ (2023-2024)।

ਵਿਦਿਆਰਥੀਆਂ ਲਈ ਧਾਰਮਿਕ ਟੂਰ ਦਾ ਪ੍ਰਬੰਧ ਅ੍ਪੈਲ (2024)।

ਗੁਰਮਤਿ ਸਮਾਗਮ ਢਾਂਗ ਉਪਰਲੀ (11.06.2024)।

ਸਹਿਜ ਪਾਠ ਸੇਵਾ ਸੰਸਥਾ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਭਾਈ ਅੰਮ੍ਰਿਤਪਾਲ ਸਿੰਘ ਜੀ ਵੱਲੋਂ ਧਾਰਮਿਕ ਲੈਕਚਰ (26.07.2024)।

ਸਹਿਜ ਪਾਠ ਅਰੰਭਤਾ ਮਿਤੀ (30.07.2024)।

ਐਸ. ਜੀ. ਪੀ . ਸੀ ਪ੍ਰੀਖਿਆਵਾਂ ਦੇ ਨਤੀਜੇ ਸਤੰਬਰ (2022-2023)।

ਛਿਮਾਹੀ ਪਹਿਲੀ ਦੀ ਧਾਰਮਿਕ ਪ੍ਰੀਖਿਆ (03.10.2024)।

ਸਹਿਜ ਪਾਠ ਸੰਸਥਾ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਸ਼ੁੱਧ ਸਹਿਜ ਪਾਠ ਉਚਾਰਨ ਮੁਕਾਬਲਾ (23.10.2024)।

ਸ਼ੁੱਧ ਗੁਰਬਾਣੀ ਉਚਾਰਨ ਤੇ ਗੁਰਬਾਣੀ ਕੰਠ ਮੁਕਾਬਲੇ ਨਾਲਾਗੜ੍ਹ (03.11.2024)।


ਐਸ. ਜੀ. ਪੀ. ਸੀ ਪ੍ਰੀਖਿਆਵਾਂ (19.11.2024 - 20.11.2024) ਵੱਲੋਂ ਭਾਈ ਗੁਰਦੀਪ ਸਿੰਘ ਜੀ।

ਸਤਿਨਾਮ ਸਰਬ ਕਲਿਆਣ ਟਰੱਸਟ ਵੱਲੋਂ ਸਲਾਨਾ ਕਰਵਾਏ ਗੁਰਮਤਿ ਮੁਕਾਬਲੇ ਮਿਤੀ(28.11.2024)।

ਸਲਾਨਾ ਸਕੂਲ ਪ੍ਰੋਗਰਾਮ ਮਿਤੀ (02.12.2024)

ਗੁਰਮਤਿ ਸਮਾਗਮ ਢਾਗ ਉਪਰਲੀ ਮਿਤੀ (08.12.2024)

# ਸੰਦੇਸ਼




ਸ੍ਰੀ ਹਰਮਿੰਦਰ ਸਿੰਘ ਸੇਠੀ ਜੀ ਅਤੇ ਸ੍ਰੀ ਰਾਮ ਸਿੰਘ ਜੀ, ਗੁਰੂ ਨਾਨਕ ਪਬਲਿਕ ਸਕੂਲ ਦੇ ਮਾਣਯੋਗ ਸੰਸਥਾਪਕ, ਜਿਨਾਂ ਨੇ ਸਿੱਖਿਆ ਅਤੇ ਸਮਾਜ ਦੀ ਉਨਤੀ ਲਈ ਆਪਣੇ ਜੀਵਨ ਨੂੰ ਸਮਰਪਿਤ ਕੀਤਾ। ਉਨ੍ਹਾਂ ਦੀ ਦੂਰਦਰਸ਼ੀ ਸੋਚ ਅਤੇ ਨਿਸਵਾਰਥ ਸੇਵਾ ਨੇ ਯੁਵਕ ਮਨਾਂ ਨੂੰ ਗਿਆਨ ਅਤੇ ਨੈਤਿਕ ਕਦਰਾ ਕੀਮਤਾਂ ਨਾਲ ਸ਼ਕਤੀਸ਼ਾਲੀ ਬਣਾਉਣ ਦੀ ਛਾਪ ਛੱਡੀ ਹੈ।



("ਆਪਣੇ ਹੱਥੀਂ ਆਪਣਾ ਆਪੇ ਹੀ ਕਾਜ ਸਵਾਰੀਐ।")

ਚੰਗੇ ਸਮਾਜ ਵਿੱਚ ਵਿਚਰ ਕੇ ਹੀ ਅਸੀਂ ਆਪਣੇ ਆਪ ਨੂੰ ਇੱਕ ਚੰਗਾ ਅਤੇ ਸੱਭਿਅਕ ਇਨਸਾਨ ਬਣਾ ਸਕਦੇ ਹਾਂ। ਇੱਕ ਚੰਗਾ ਸਮਾਜ ਉਦੋਂ ਹੀ ਹੋਂਦ ਵਿੱਚ ਆ ਸਕਦਾ ਹੈ ਜਦੋਂ ਅਸੀਂ ਆਪਣੇ ਅੰਦਰ ਚੰਗੀ ਤੇ ਨਵੀਂ ਸੋਚ ਨੂੰ ਵਿਕਸਿਤ ਕਰਾਂਗੇ। ਚੰਗੀ ਸੋਚ ਦਾ ਵਿਕਾਸ ਵਿਦਿਆਰਥੀ ਅੰਦਰ ਕੇਵਲ ਸੰਸਾਰਿਕ ਵਿੱਦਿਆ ਦੇਣ ਨਾਲ ਹੀ ਨਹੀਂ ਸਗੋਂ ਨੈਤਿਕ ਤੇ ਅਧਿਆਤਮਕ ਵਿੱਦਿਆ ਦੇਣ ਨਾਲ ਹੁੰਦਾ ਹੈ। ਅਜਿਹੀ ਵਿੱਦਿਆ ਜਿਸ ਨਾਲ ਸਮਾਜ ਨੂੰ ਇੱਕ ਨਵੀ ਦਿਸ਼ਾ ਤੇ ਸੇਧ ਮਿਲ ਸਕੇ।



**ਸ: ਨਸੀਬ ਸਿੰਘ**
(ਚੇਅਰਮੈਨ)

("ਆਪ ਗਵਾਏ ਸੇਵਾ ਕਰੇ ਤਾਂ ਕਿਛੁ ਪਾਏ ਮਾਨ ।")

ਸੰਸਾਰ ਵਿੱਚ ਵਿਚਰਦਿਆਂ, ਦੁਖੀਆਂ ਤੇ ਬੇਸਹਾਰਿਆ ਦੀ, ਗੁਰੂ ਗ੍ਰੰਥ ਤੇ ਗੁਰੂ ਪੰਥ ਦੀ ਸੇਵਾ ਲਈ ਹਰ ਵੇਲੇ ਤਿਆਰ ਰਹਿਣਾ ਹੀ ਸਾਡੇ ਜੀਵਨ ਦਾ ਬਹੁਮੁੱਲਾ ਮਨੋਰਥ ਹੈ। ਸੰਸਾਰਿਕ ਵਿੱਦਿਆ ਦੇ ਨਾਲ ਨਾਲ ਬੱਚਿਆਂ ਲਈ ਧਾਰਮਿਕ ਵਿੱਦਿਆ ਦਾ ਹੋਣਾ ਵੀ ਸਿੱਖਿਆ ਦਾ ਇੱਕ ਜ਼ਰੂਰੀ ਅੰਸ਼ ਹੈ।



**ਸ: ਮਹਿੰਦਰ ਸਿੰਘ ਜੀ**
(ਜਨਰਲ ਸੈਕਟਰੀ)

("ਗੁਰ ਸਬਦੀ ਹਰਿ ਪਾਈਐ ਹਰਿ ਪਾਰਿ ਲਘਾਇ।।")

ਅੱਜ ਦੇ ਸਮਾਜ ਅੰਦਰ ਅਨਪੜ੍ਹ ਵਿਅਕਤੀ ਨੂੰ ਆਪਣੇ ਜੀਵਨ ਨਿਰਬਾਹ ਲਈ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਪੜ੍ਹਾਈ ਹਰ ਇੱਕ ਵਿਅਕਤੀ ਦੇ ਜੀਵਨ ਦਾ ਜ਼ਰੂਰੀ ਅੰਸ ਹੈ। ਦੁਨਿਆਵੀ ਵਿੱਦਿਆ ਦੇ ਨਾਲ-ਨਾਲ ਹਰ ਵਿਅਕਤੀ ਦੇ ਜੀਵਨ ਅੰਦਰ ਧਾਰਮਿਕ ਵਿੱਦਿਆ ਵੀ ਆਪਣਾ ਮਹੱਤਵਪੂਰਣ ਸਥਾਨ ਰੱਖਦੀ ਹੈ।



**ਸ: ਸੁਖਵਿੰਦਰ ਸਿੰਘ ਜੀ**
(ਧਾਰਮਿਕ ਇੰਚਾਰਜ)

"ਮੰਦਾ ਕਿਸੈ ਨਾ ਆਖੀਐ ਪੜ੍ਹ ਅਖਰੁ ਏਹੋ ਬੂਝੀਐ।"



ਸਾਹਿਬ ਨੇ ਗੁਰਬਾਣੀ ਦੇ ਸ਼ਬਦ ਰਾਹੀਂ ਇਹ ਸਪਸ਼ਟ ਕਰਨ ਦਾ ਯਤਨ ਕੀਤਾ ਹੈ ਕਿ ਗੁਰੂ ਦਾ ਸ਼ਬਦ ਪੜ੍ਹ ਕੇ ਸਾਡੇ ਅੰਦਰ ਇੰਨੀ ਕੁ ਸਮਝ ਆ ਜਾਵੇ ਕਿ ਅਸੀਂ ਦੂਜਿਆਂ ਨੂੰ ਮੰਦਾ ਬੋਲਣ ਦੀ ਥਾਂ ਆਪਣੇ ਆਪ ਦੀ ਪਰਖ ਕਰੀਏ।

ਬੱਚਿਆਂ ਨੂੰ ਗੁਰਮਤਿ ਵਿਸ਼ੇ ਸੰਬੰਧੀ ਜਾਣਕਾਰੀ ਦੇਣ ਤੇ ਨੈਤਿਕ ਸਿੱਖਿਆ ਦੇਣ ਲਈ ਧਾਰਮਿਕ ਕਲਾਸਾਂ ਦਾ ਉਪਰਾਲਾ ਕੀਤਾ ਜਾਂਦਾ ਹੈ। ਬੱਚਿਆਂ ਨੂੰ ਸੰਸਾਰੀ ਵਿੱਦਿਆ ਦੇ ਨਾਲ-ਨਾਲ ਧਾਰਮਿਕ ਤੇ ਅਧਿਆਤਮਕ ਵਿੱਦਿਆ ਦੇਣੀ ਵਿੱਦਿਆ ਦਾ ਇੱਕ ਜ਼ਰੂਰੀ ਅੰਸ ਸਮਝਿਆ ਜਾਣਾ ਚਾਹੀਦਾ ਹੈ ਤਾਂ ਜੋ ਬੱਚਿਆਂ ਵਿੱਚ ਨੈਤਿਕ ਗੁਣਾਂ ਦਾ ਵਿਕਾਸ ਹੋ ਸਕੇ। ਵਿਦਿਆਰਥੀ ਉਚੇਰੀ ਸਿੱਖਿਆ ਪ੍ਰਾਪਤ ਕਰਕੇ ਕਿਸੇ ਉੱਚੇ ਅਹੁਦੇ ਤੇ ਜਿਵੇਂ ਜੱਜ, ਵਕੀਲ, ਡਾਕਟਰ, ਪੁਲਿਸ ਅਫ਼ਸਰ ਜਾਂ ਧਾਰਮਿਕ ਵਿਦਵਾਨ ਆਦਿ ਬਣਨ ਦੇ ਯੋਗ ਹੋ ਸਕਣ।

ਪਰਮੇਸ਼ਰ ਦੀ ਮਿਹਰ ਸਦਕਾ ਅਨੇਕਾਂ ਵਿਦਿਆਰਥੀਂ ਦੁਨਿਆਵੀਂ ਵਿੱਦਿਆ ਦੇ ਨਾਲ-ਨਾਲ ਰੱਬੀ ਬਾਣੀ ਨੂੰ ਪੜ੍ਹ ਕੇ ਤੇ ਗੁਰੂ ਸਹਿਬਾਨਾਂ ਦੇ ਦਿੱਤੇ ਉਪਦੇਸ਼ਾਂ ਨੂੰ ਆਪਣੇ ਜੀਵਨ ਵਿੱਚ ਧਾਰ ਕੇ ਆਪਣਾ ਤੇ ਹੋਰਨਾਂ ਦਾ ਜੀਵਨ ਬਣਾ ਰਹੇ ਹਨ।

ਇਹੀ ਉਪਰਾਲਾ ਹੈ ਕਿ ਦੁਨਿਆਵੀਂ ਵਿੱਦਿਆ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਗੁਰਮਤਿ ਦੇ ਧਾਰਨੀ ਬਣਾ ਕੇ ਗੁਰ ਇਤਿਹਾਸ ਨਾਲ ਜੋੜਿਆਂ ਜਾਵੇ।

**ਪ੍ਰਿੰਸੀਪਲ**

**ਸ਼੍ਰੀਮਤੀ ਜਤਿੰਦਰ ਕੌਰ**

## ''ਗਾਵੈ ਕੋ ਗੁਣ ਵਡਿਆਈਆ ਚਾਰ ।''
## ''ਗਾਵੈ ਕੋ ਵਿਦਿਆ ਵਿਖਮੁ ਵੀਚਾਰ ।''

ਕੋਈ ਮਨੁੱਖ ਰੱਬ ਦੇ ਸੋਹਣੇ  ਗੁਣ ਤੇ ਵਡਿਆਈਆ ਵਰਣਨ ਕਰਦਾ ਹੈ। ਕੋਈ ਮਨੁੱਖ ਵਿੱਦਿਆ ਦੇ ਬਲ ਨਾਲ ਅਕਾਲ ਪੁਰਖ ਦੇ ਕਠਿਨ ਗਿਆਨ ਨੂ ਗਾਉਂਦਾ ਹੈ(ਭਾਵ, ਸ਼ਾਸ਼ਤਰ ਆਦਿਕ ਦੁਆਰਾ ਆਤਮਕ ਫਿਲਾਸਫੀ ਦੇ ਔਖੇ ਵਿਸ਼ਿਆਂ ਤੇ ਵਿਚਾਰ ਕਰਦਾ ਹੈ।)

ਸੰਨ 2021 ਵਿੱਚ ਗੁਰੂ ਨਾਨਕ ਪਬਲਿਕ ਸਕੂਲ ਵਿੱਚ ਮੈਨੂੰ ਅਧਿਆਪਕ ਦੇ ਤੌਰ ਤੇ ਸੇਵਾ ਕਰਨ ਦਾ  ਮੌਕਾ ਪ੍ਰਦਾਨ ਹੋਇਆਂ।

ਗੁਰੂ ਸਾਹਿਬ ਨੇ ਮੈਨੂੰ ਇਸ ਸੇਵਾ ਦੇ ਯੋਗ ਸਮਝਦੇ ਹੋਏ ਮੈਨੂੰ ਗੁਰਮਤਿ ਨਾਲ ਜੋੜਿਆਂ।

ਗੁਰਮਤਿ ਪ੍ਰਚਾਰ ਸਤਿਨਾਮ ਸਰਬ ਕਲਿਆਣ ਟਰੱਸਟ ਦੇ ਸਮੁੱਚੇ ਮੈਬਰਾਂ ਅਤੇ ਗੁਰੂ ਨਾਨਕ ਪਬਲਿਕ ਸਕੂਲ ਦੇ ਪ੍ਰਿੰਸੀਪਲ ਸ੍ਰੀ ਮਤੀ ਜਤਿੰਦਰ ਕੌਰ ਜੀ ਦੇ ਸਹਿਯੋਗ ਸਦਕਾ ਵਿਦਿਆਰਥੀਆਂ ਨੂੰ ਗੁਰਮਤਿ ਦੀ ਸਿੱਖਿਆ ਦਿੱਤੀ ਜਾਂਦੀ ਹੈ। ਗੁਰਮਤਿ ਦੀਆਂ ਸਲਾਨਾ ਪ੍ਰੀਖਿਆਵਾਂ ਦੇ ਨਾਲ-ਨਾਲ ਗੁਰਮਤਿ ਦੀਆਂ ਹੋਰ ਵੀ ਗਤੀਵਿਧੀਆਂ ਵਿੱਚ ਸਕੂਲ ਦੇ ਵਿਦਿਆਰਥੀ ਵੱਧ ਚੜ ਕੇ ਹਿੱਸਾ ਲੈਂਦੇ ਹਨ। ਵਿਦਿਆਰਥੀਆਂ ਦੇ ਗੁਰਮਤਿ ਦੇ ਖੇਤਰ ਵਿੱਚ ਵੀ ਭਿੰਨ ਭਿੰਨ ਪ੍ਰਕਾਰ ਦੇ ਮੁਕਾਬਲੇ ਜਿਵੇਂ ਕਿ ਕਵਿਤਾ, **ਕਵੀਸ਼ਰੀ**, ਕੀਰਤਨ, ਵਾਰਤਾਲਾਪ, ਗੱਤਕਾ ਆਦਿ ਕਰਵਾਏ ਜਾਂਦੇ ਹਨ ਤਾਂ ਜੋ ਵਿਦਿਆਰਥੀ ਆਪਣੇ ਆਪ ਨੂੰ ਗੁਰਮਤਿ ਅਨੁਸਾਰ ਜੀਵਨ ਦੇ ਹਰ ਖੇਤਰ ਲਈ ਤਿਆਰ ਕਰ ਸਕਣ।

"ਸੋਧਤ ਸੋਧਤ ਸੋਧ ਤਤੁ ਬੀਚਾਰਿਆਂ।। "

"ਨਾਮ ਬਿਨਾ ਸੁਖ ਨਾਹਿ ਸਰਪਰ ਹਾਰਿਆ।। "

ਹੇ ਭਾਈ ਚੰਗੀ ਤਰ੍ਹਾਂ ਪੜਤਾਲ ਕਰਕੇ ਨਿਰਨਾ ਕਰ ਕਿ ਅਸੀਂ ਇਸ ਅਸਲੀਅਤ ਤੇ ਪਹੁੰਚੇ ਹਾਂ ਕਿ ਪਰਮੇਸ਼ੁਰ ਦੇ ਨਾਮ ਤੋਂ ਬਿਨਾ ਆਤਮਿਕ ਅਨੰਦ ਨਹੀਂ ਮਿਲ ਸਕਦਾ। ਨਾਮ ਤੋਂ ਵਿਹੂਣੇ ਮਨੁੱਖ ਬਾਜੀ ਹਾਰ ਜਾਂਦੇ ਹਨ।

**ਧਾਰਮਿਕ ਅਧਿਆਪਕ**

# ਹਫਤਾਵਾਰੀ ਗੁਰਮਤਿ ਸਮਾਗਮ












# ਸਹਿਜ ਪਾਠ ਸੰਸਥਾ ਵੱਲੋਂ ਕਰਵਾਏ ਗਏ ਸ਼ੁੱਧ ਗੁਰਬਾਣੀ ਤੇ ਗੁਰਬਾਣੀ ਕੰਠ ਉਚਾਰਨ ਮੁਕਾਬਲੇ।





## ਗੁਰਮਤਿ ਮੁਕਾਬਲੇ ਵੱਲੋਂ ਸਤਿਨਾਮ ਸਰਬ ਕਲਿਆਣ ਟਰੱਸਟ





## ਸਲਾਨਾ ਗੁਰਮਤਿ ਪ੍ਰੀਖਿਆਵਾਂ ਦਾ ਨਤੀਜਾ



# SGPC ਪ੍ਰੀਖਿਆਵਾਂ





# SGPC ਪ੍ਰੀਖਿਆਵਾਂ ਦੇ ਨਤੀਜੇ





## ਗੁਰਮਤਿ ਮੁਕਾਬਲੇ ਸ੍ਰੀ ਚਮਕੌਰ ਸਾਹਿਬ






## ਗੁਰਬਾਣੀ ਕੰਠ ਮੁਕਾਬਲੇ ਨਾਲਾਗੜ੍ਹ





# ਵੀਰ ਬਾਲ ਦਿਵਸ








ਤੇਰੀ ਕੁਦਰਤਿ ਕੋਇ ਨ ਜਾਣੈ
ਮੇਰੇ ਠਾਕੁਰ ਸਗਲ ਰਉਣ ॥
ਤੁਧੁ ਅਪੜਿ ਕੋਇ ਨ ਸਕੈ ਤੂ
ਅਬਿਨਾਸੀ ਜਗ ਉਧਰਣ ॥